*This information on (13) the Genetic Clinic is in Punjabi*

# ਜੈਨੇਟਿਕ ਕਲੀਨਿਕ

(ਅੰਗ੍ਰੇਜ਼ੀ ਵਿਚ The Genetic Clinic)

## ਜੈਨੇਟਿਕ ਕੌਂਸਲਿੰਗ ਕੀ ਹੈ ?

ਜੈਨੇਟਿਕ ਕੌਂਸਲਿੰਗ (Genetic counselling) ਡਾਕਟਰੀ ਵਿੱਦਿਆ ਦੀ ਉਹ ਸਾਖ਼ਾ ਹੈ, ਜੋ ਉਨ੍ਹਾਂ ਸਥਿਤੀਆਂ ਬਾਰੇ ਮਹਾਰਤ ਪ੍ਰਾਪਤ ਕਰਦੀ ਹੈ, ਜੋ ਕਿਸੇ ਇਕ ਪਰਿਵਾਰ ਦੀਆਂ ਵਖ ਵਖ ਪੀੜ੍ਹੀਆਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਇਨ੍ਹਾਂ ਨੂੰ ਵਿਰਸੇ ਵਿਚ ਮਿਲੀਆਂ ਜਾਂ ਜੈਨੇਟਿਕ (genetic) ਕੰਡੀਸ਼ਨਸ ਕਰਕੇ ਜਾਣਿਆ ਜਾਂਦਾ ਹੈ।

## ਜੈਨੇਟਿਕ ਸਲਾਹ ਦੀ ਲੋੜ ਕਿਸ ਨੂੰ ਹੁੰਦੀ ਹੈ ?

ਉਹ ਲੋਕ ਜਿਨ੍ਹਾਂ ਨੂੰ ਇਸ ਗੱਲ ਦੀ ਫ਼ਿਕਰਮੰਦੀ ਹੁੰਦੀ ਹੈ ਕਿ ਉਨ੍ਹਾਂ ਦੇ ਪਰਿਵਾਰ ਵਿਚ ਕੋਈ ਸਥਿਤੀ ਜੈਨੇਟਿਕ ਹੋ ਸਕਦੀ ਹੈ, ਨੂੰ ਇਕ ਅਪਾਇੰਟਮੈਂਟ ਮਦਦਗਾਰ ਹੋਵੇਗੀ। ਉਹ ਜੋ ਆਪਣੇ ਪਰਿਵਾਰ ਦੀ ਕਿਸੇ ਜੈਨੇਟਿਕ ਸਥਿੱਤੀ ਬਾਰੇ ਹੋਰ ਜਾਣਕਾਰੀ ਲੈਣਾ ਚਾਹੁੰਦੇ ਹਨ, ਇਹ ਅਪਾਇੰਟਮੈਂਟ ਉਨ੍ਹਾਂ ਦੀ ਸਹਾਇਤਾ ਕਰੇਗੀ।

ਹੋਰ ਲੋਕ ਜੋ ਜੈਨੇਟਿਕ ਕਲੀਨਿਕ ਵਿੱਚ ਭੇਜੇ ਜਾ ਸਕਦੇ ਹਨ, ਉਨ੍ਹਾਂ ਵਿੱਚ ਸ਼ਾਮਲ ਹਨ :

- ਉਹ ਜੋੜੇ, ਜਿਨ੍ਹਾਂ ਦਾ ਗਰਭਪਾਤ ਜਾਂ ਜਿਨ੍ਹਾਂ ਦੇ ਘਰ ਮਰੇ ਹੋਏ ਬੱਚੇ ਦਾ ਜਨਮ ਹੁੰਦਾ ਹੈ।
- ਉਹ ਲੋਕ, ਜਿਨ੍ਹਾਂ ਦੇ ਬੱਚੇ ਦੀ ਜਨਮ ਤੋਂ ਬਾਅਦ ਜਲਦੀ ਹੀ ਮੌਤ ਹੋ ਗਈ ਹੋਵੇ।
- ਉਹ ਬੱਚੇ, ਜਿਨ੍ਹਾਂ ਦਾ ਵਾਧਾ ਵਿਕਾਸ ਮੱਠਾ ਹੁੰਦਾ ਹੈ।
- ਉਹ ਬੱਚੇ ਜਿਨ੍ਹਾਂ ਨੂੰ ਜੈਨੇਟਿਕ ਜਾਂ ਅਜਿਹੀ ਮੈਡੀਕਲ ਸਥਿੱਤੀ ਦੀ ਤਕਲੀਫ਼ ਹੁੰਦੀ ਹੈ, ਜਿਸ ਦਾ ਡਾਇਗਨੋਸਿਸ ਨਹੀਂ ਕੀਤਾ ਗਿਆ ਹੁੰਦਾ।

## ਤੁਹਾਡੀ ਅਪਾਇੰਟਮੈਂਟ ਤੋਂ ਪਹਿਲਾਂ

ਜੈਨੇਟਿਕ ਕਲੀਨਿਕ ਲਈ ਕਦੀ-ਕਦੀ ਤੁਹਾਡੇ ਪਰਿਵਾਰ ਵਿਚਲੇ ਹੋਰ ਲੋਕਾਂ ਬਾਰੇ ਡਾਕਟਰੀ ਵੇਰਵੇ ਪ੍ਰਾਪਤ ਕਰਨੇ ਮਦਦਗਾਰ ਹੋ ਸਕਦੇ ਹਨ। ਜੇ ਅਜਿਹਾ ਹੈ, ਤਾਂ ਅਸੀਂ ਇੱਕ ਫ਼ਾਰਮ ਨਾਲ ਨੱਥੀ ਕਰਾਂਗੇ ਜਿਸ ਵਿੱਚ ਅਸੀਂ ਲੋੜੀਂਦੀ ਸੂਚਨਾ ਦੀ ਬੇਨਤੀ ਕਰਾਂਗੇ। ਐਪਰ, ਸਾਨੂੰ ਪਤਾ ਹੈ ਕਿ ਅਜਿਹੇ ਵੇਰਵੇ ਹਮੇਸ਼ਾ ਉਪਲਬਧ ਨਹੀਂ ਹੁੰਦੇ। ਅਸੀਂ ਕਦੇ ਵੀ ਤੁਹਾਡੇ ਕਿਸੇ ਵੀ ਰਿਸ਼ਤੇਦਾਰ ਤੱਕ, ਤੁਹਾਡੀ ਇਜਾਜ਼ਤ ਤੋਂ ਬਗ਼ੈਰ ਪਹੁੰਚ ਨਹੀਂ ਕਰਾਂਗੇ।

ਜੇਕਰ ਤੁਸੀਂ ਆਪਣੇ ਕਿਸੇ ਰਿਸ਼ਤੇਦਾਰ ਦੀ ਡਾਕਟਰੀ ਹਾਲਤ ਬਾਰੇ ਫ਼ਿਕਰਮੰਦ ਹੋ, ਜੋ ਹਾਜ਼ਿਰ ਨਹੀਂ ਹੋਵੇਗਾ, ਤਾਂ ਅਕਸਰ ਉਸ ਰਿਸ਼ਤੇਦਾਰ ਦੀ ਫ਼ੋਟੋ ਲਿਆਉਣੀ ਤੁਹਾਡੇ ਲਈ ਮਦਦਗਾਰ ਹੋਵੇਗੀ। ਜੇਕਰ ਅਪਾਇੰਟਮੈਂਟ ਕਿਸੇ ਅਜਿਹੇ ਬੱਚੇ ਵਾਸਤੇ ਹੈ, ਜਿਸ ਦੀ ਹਾਲਤ ਜੈਨੇਟਿਕ ਹੋ ਸਕਦੀ ਹੈ, ਤਾਂ ਬੱਚੇ ਅਤੇ ਮਾਤਾ-ਪਿਤਾ ਦੀਆਂ ਸ਼ੁਰੂ ਦੀਆਂ ਫ਼ੋਟੋਆਂ ਲਾਭਕਾਰੀ ਹੋ ਸਕਦੀਆਂ ਹਨ।

## ਮੇਰੀ ਅਪਾਇੰਟਮੈਂਟ ’ਤੇ ਕੀ ਹੋਵੇਗਾ ?

ਜੈਨੇਟਿਕ ਕਲੀਨਿਕ ਵਿਚ ਵਿਸ਼ੇਸ਼ਗ ਡਾਕਟਰ, ਨਰਸ ਅਤੇ ਜੈਨੇਟਿਕ ਕੌਂਸਲਰ ਹੁੰਦੇ ਹਨ, ਜਿਨ੍ਹਾਂ ਦਾ ਟੀਚਾ ਤੁਹਾਨੂੰ ਸਹੀ ਅਤੇ ਨਵੀਨਤਮ ਸੂਚਨਾ ਮੁਹੱਈਆ ਕਰਨਾ ਹੁੰਦਾ ਹੈ।

ਅਪਾਇੰਟਮੈਂਟ ਆਮ ਤੌਰ ’ਤੇ ਕਰੀਬ-ਕਰੀਬ 45 ਮਿੰਟ ਚਲਦੀਆਂ ਰਹਿੰਦੀਆਂ ਹਨ। ਇਸ ਸਮੇਂ ਦੇ ਦੌਰਾਨ ਤੁਹਾਡੀਆਂ ਫ਼ਿਕਰਮੰਦੀਆਂ ’ਤੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ ਅਤੇ ਤੁਹਾਡੇ ਪਰਿਵਾਰ ਦਾ ‘ਸ਼ਜਰਾ’ ਉਲੀਕਣ ਵਿਚ ਵਕਤ ਲਾਇਆ ਜਾਵੇਗਾ। ਤੁਸੀਂ ਇਹ ਜਾਣਨਾ ਚਾਹ ਸਕਦੇ ਹੋ ਕਿ ਇੱਕ ਜੈਨੇਟਿਕ ਸਥਿਤੀ ਵਿਰਸੇ ਵਿੱਚ ਪ੍ਰਾਪਤ ਕਰਨ ਜਾਂ ਅਗੋਂ ਵਿਰਸੇ ਵਿੱਚ ਦੇਣ ਦੀ ਤੁਹਾਡੀ ਕੀ ਸੰਭਾਵਨਾ ਹੈ। ਤੁਹਾਡੇ ਉਨ੍ਹਾਂ ਜਾਂਚਾਂ ਬਾਰੇ ਕੁਝ ਸਵਾਲ ਹੋ ਸਕਦੇ ਹਨ ਜੋ ਡਾਇਗਨੋਸ ਦੀ ਪੁਸ਼ਟੀ ਕਰਨ ਲਈ ਉਪਲਬਧ ਹਨ ਜਾਂ ਫਿਰ ਉਨ੍ਹਾਂ ਜਾਂਚਾਂ ਬਾਰੇ ਜੋ ਗਰਭ ਦੇ ਦੌਰਾਨ ਪੇਸ਼ ਕੀਤੇ ਜਾ ਸਕਦੇ ਹਨ। ਇਹ ਸਾਰੇ ਮਸਲੇ ਤੁਹਾਡੀ ਸਮਝ ਵਿਚ ਆ ਸਕਣ ਵਾਲੀ ਗੱਲਬਾਤ ਵਿਚ ਵਿਚਾਰੇ ਜਾਣਗੇ।

## ਕੀ ਮੇਰੀ ਅਪਾਇੰਟਮੈਂਟ ਵੇਲੇ ਕੋਈ ਜਾਂਚਾਂ ਕੀਤੀਆਂ ਜਾਣਗੀਆਂ ?

ਕਦੀ-ਕਦੀ ਸਾਨੂੰ ਖ਼ੂਨ ਦਾ ਨਮੂਨਾ ਲੈਣ ਦੀ ਲੋੜ ਹੋ ਸਕਦੀ ਹੈ, ਪਰ ਇਸ ਗੱਲ ਦੀ ਕੋਈ ਸੰਭਾਵਨਾ ਨਹੀਂ ਕਿ ਤੁਹਾਡੀ ਪਹਿਲੀ ਫੇਰੀ ’ਤੇ ਅਸੀਂ ਕੋਈ ਹੋਰ ਜਾਂਚਾਂ ਵੀ ਕਰਾਂਗੇ। ਜੇ ਅਸੀਂ ਸਮਝਾਂਗੇ ਕਿ ਹੋਰ ਵਧੇਰੇ ਜਾਂਚਾਂ ਲਾਭਕਾਰੀ ਹੋਣਗੀਆਂ, ਤਾਂ ਉਨ੍ਹਾਂ ਬਾਰੇ ਤੁਹਾਡੇ ਨਾਲ ਵਿਚਾਰ-ਵਟਾਂਦਰਾ ਕੀਤਾ ਜਾਵੇਗਾ ਅਤੇ ਤੁਹਾਡੀ ਰਜ਼ਾਮੰਦੀ ਨਾਲ ਹੀ ਉਨ੍ਹਾਂ ਜਾਂਚਾਂ ਦਾ ਪ੍ਰਬੰਧ ਕੀਤਾ ਜਾਵੇਗਾ।

## ਮੈਨੂੰ ਕਿੱਥੇ ਵੇਖਿਆ ਜਾਵੇਗਾ ?

ਜੈਨੇਟਿਕ ਵਿਭਾਗ ਕਈ ਵੱਖ-ਵੱਖ ਹਸਪਤਾਲਾਂ ਵਿਖੇ ਕਲੀਨਿਕ ਆਯੋਜਿਤ ਕਰਦਾ ਹੈ। ਆਮ ਤੌਰ ’ਤੇ ਅਸੀਂ ਤੁਹਾਨੂੰ ਇੱਕ ਅਜਿਹੇ ਕਲੀਨਿਕ ਵਿਖੇ-ਵੇਖਣ ਦਾ ਪ੍ਰਬੰਧ ਕਰਾਂਗੇ ਜੋ ਤੁਹਾਡੇ ਘਰ ਦੇ ਸਭ ਤੋਂ ਨੇੜੇ ਹੋਵੇਗਾ।

**ਜੇ ਤੁਹਾਨੂੰ ਵਧੀਕ ਸਹਾਇਤਾ ਦੀ ਲੋੜ ਹੈ ਜਿਵੇਂ ਕਿ ਇੱਕ ਦੁਭਾਸ਼ੀਆ, ਤਾਂ ਕਿਰਪਾ ਕਰਕੇ ਸਾਨੂੰ ਦੱਸੋ ਅਤੇ ਅਸੀਂ ਇਸ ਦਾ ਇੰਤਜ਼ਾਮ ਕਰਨ ਦੀ ਕੋਸ਼ਿਸ਼ ਕਰਾਂਗੇ।**

## ਮੈਂ ਹਰ ਗੱਲ ਕਿਵੇਂ ਯਾਦ ਰੱਖਾਂਗਾ ?

ਤੁਹਾਡੀ ਅਪਾਇੰਟਮੈਂਟ ਤੋਂ ਬਾਅਦ, ਤੁਹਾਨੂੰ ਅੰਗਰੇਜ਼ੀ ਵਿੱਚ ਇੱਕ ਪੱਤਰ ਮਿਲੇਗਾ ਜਿਸ ਵਿੱਚ ਕਲੀਨਿਕ ਵਿਚ ਉਪਲਬਧ ਵਿਸ਼ਿਆਂ ਦਾ ਸੰਖੇਪ ਦਿੱਤਾ ਹੋਵੇਗਾ। ਕਲੀਨਕ ਕੋਲ ਕੁਝ ਜਾਣਕਾਰੀ ਪੰਜਾਬੀ ਵਿਚ ਉਪਲਬਧ ਹੈ ਜੋ ਤੁਹਾਡੇ ਲਈ ਸਹੀ ਜਾਂ ਢੁਕਵੀ ਹੋਣ ਤੇ ਤੁਹਾਨੂੰ ਪੇਸ਼ ਕੀਤੀ ਜਾਏਗੀ।

## ਅਖ਼ੀਰ ਵਿੱਚ...

ਅਕਸਰ ਜੋ ਲੋਕ ਜੈਨੇਟਿਕ ਕੌਂਸਲਿੰਗ ਲਈ ਆਉਂਦੇ ਹਨ, ਉਹ ਵਾਪਸ ਜਾਣ ਵੇਲੇ ਭਰੋਸਾ ਮਹਿਸੂਸ ਕਰਨਗੇ। ਕੁਝ ਦੂਸਰੇ ਲੋਕਾਂ ਲਈ ਫ਼ੈਸਲਾ ਕਰਨਾ ਔਖਾ ਜਾਪੇਗਾ। ਇਨ੍ਹਾਂ ਵਿੱਚ ਉਹ ਲੋਕ ਸ਼ਾਮਿਲ ਹੋ ਸਕਦੇ ਹਨ ਜੋ ਇਹ ਸੋਚਦੇ ਹੋਣ ਕਿ ਕੋਈ ਖ਼ਾਸ ਜਾਂਚ ਕਰਵਾਈ ਜਾਵੇ ਜਾਂ ਨਾ, ਬੱਚਿਆਂ ਅਤੇ ਹੋਰ ਰਿਸ਼ਤੇਦਾਰਾਂ ਨੂੰ ਕੀ ਦੱਸਿਆ ਜਾਵੇ।

ਸਾਨੂੰ ਆਸ ਹੈ ਕਿ ਅਸੀਂ ਤੁਹਾਨੂੰ ਅਜਿਹੀ ਸੂਚਨਾ ਦੇਵਾਂਗੇ ਜੋ ਇਨ੍ਹਾਂ ਫ਼ੈਸਲਿਆਂ ’ਚ ਤੁਹਾਡੀ ਸਹਾਇਤਾ ਕਰੇਗੀ। ਅਸੀਂ ਤੁਹਾਨੂੰ ਇਹ ਨਹੀਂ ਦੱਸਾਂਗੇ ਕਿ ਤੁਹਾਨੂੰ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ। ਅਲਬੱਤਾ, ਅਸੀਂ ਤੁਹਾਡੇ ਨਾਲ ਸਾਰੇ ਵੱਖ-ਵੱਖ ਵਿਕਲਪਾਂ ਬਾਰੇ ਵਿਚਾਰ-ਵਟਾਂਦਰਾ ਕਰਕੇ ਤੁਹਾਡੀ ਸਹਾਇਤਾ ਅਤੇ ਮਦਦ ਕਰਨ ਲਈ ਉਪਲਬਧ ਹਾਂ।

ਆਪਣੇ ਸਵਾਲਾਂ ਅਤੇ ਸਰੋਕਾਰਾਂ ਨਾਲ ਤਿਆਰ ਹੋ ਕੇ ਆਉ। ਜੇ ਤੁਸੀਂ ਚਾਹੋ, ਤਾਂ ਸਵਾਲ ਲਿਖ ਲਉ ਅਤੇ ਅਸੀਂ ਤੁਹਾਡੇ ਵਾਸਤੇ ਉਨ੍ਹਾਂ ਦੇ ਜਵਾਬ ਦੇਣ ਦਾ ਯਤਨ ਕਰਾਂਗੇ।

ਇਹ ਸੂਚਨਾ ਪੜ੍ਹਨ ਵਾਸਤੇ ਤੁਹਾਡਾ ਧੰਨਵਾਦ। ਅਸੀਂ ਤੁਹਾਨੂੰ ਮਿਲਣ ਦੀ ਉਡੀਕ ਵਿਚ ਹਾਂ।

*ਇਹ ਛਾਪ ਜੁਲਾਈ, 2005 ਵਿਚ ਤਿਆਰ ਕੀਤੀ ਗਈ*
*This edition prepared in July 2005* *Ref: 13*

## ਸ਼ਬਦਾਵਲੀ (ਮੁਸ਼ਕਿਲ ਸ਼ਬਦ ਅਤੇ ਉਨ੍ਹਾਂ ਦੇ ਅਰਥ): ਜੈਨੇਟਿਕ ਕਲੀਨਿਕ

ਇਸ ਸ਼ਬਦਾਵਲੀ ਦਾ ਉਦੇਸ਼ ਸਿਰਫ਼ ਸੂਚਨਾਵਲੀ : ਜੈਨੇਟਿਕ ਕਲੀਨਿਕ ਵਿਚ ਇਸਤੇਮਾਲ ਕੀਤੇ ਗਏ ਸ਼ਬਦਾਂ ਨੂੰ ਸਮਝਾਉਣਾ ਹੈ। **ਵੱਡੇ** ਅੱਖਰਾਂ ਵਿਚ ਦਿੱਤੇ ਗਏ ਸ਼ਬਦਾਂ ਦੀ ਪਰਿਭਾਸ਼ਾ ਸ਼ਬਦਾਵਲੀ ਵਿਚ ਕਿਸੇ ਹੋਰ ਥਾਂ ਦਿੱਤੀ ਜਾ ਚੁਕੀ ਹੈ।

**ਫੈਮਿਲੀ ਟਰੀ (family tree)।** ਇਕ ਚਿੱਤਰ ਜਿਸਦੋਂ ਪਤਾ ਲਗਦਾ ਹੈ ਕਿ ਤੁਹਾਡੇ ਪਰਿਵਾਰ ਵਿਚ ਕਿਸ ਨੂੰ **ਜੈਨੇਟਿਕ** ਸਥਿੱਤੀ ਹੈ ਤੇ ਕਿਸਨੂੰ ਨਹੀਂ ਅਤੇ ਉਨ੍ਹਾਂ ਦਾ ਤੁਹਾਡੇ ਨਾਲ ਅਤੇ ਆਪਸ ਵਿਚ ਕੀ ਰਿਸ਼ਤਾ ਹੈ।

**ਜੀਨ (gene)।** ਸਰੀਰ ਦੇ ਕੰਮ ਕਰਨ ਲਈ ਚਾਹੀਦੀ ਸੂਚਨਾ **ਕਰੋਮੋਜ਼ੋਮਸ** ਵਿਚ ਰਸਾਇਣਕ ਰੂਪ ਵਿਚ ਰਖੀ ਹੁੰਦੀ ਹੈ। ਜੀਨਜ਼ ਵਿਚ ਤਬਦੀਲੀ ਨਾਲ ਸੂਚਨਾ ਵੀ ਬਦਲ ਜਾਂਦੀ ਹੈ ਅਤੇ ਇਸ ਨਾਲ ਸਰੀਰ ਦੇ ਕੰਮ ਕਰਨ ਦਾ ਢੰਗ ਵੀ ਬਦਲ ਸਕਦਾ ਹੈ। ਬਹੁਤੇ ਜੀਨ ਜੋੜਿਆਂ ਵਿਚ ਹੁੰਦੇ ਹਨ, ਇਕ ਮਾਤਾ ਕੋਲੋਂ ਅਤੇ ਇਕ ਪਿਤਾ ਕੋਲੋਂ ਮਿਲਦਾ ਹੈ (ਜਿਵੇਂ ਕਿ ਇਕ ਜੀਨ ਕਿਤਾਬ ਵਿਚ ਕਹਾਣੀ ਵਾਂਗ ਹੈ ਅਤੇ ਜੀਨਜ਼ ਵਿਚ ਤਬਦੀਲੀ ਕਹਾਣੀ ਵਿਚ ਤਬਦੀਲੀ ਵਾਂਗ ਹੈ)।

**ਜੈਨੇਟਿਕ (genetic)।** **ਜੀਨਜ਼** ਕਾਰਣ, **ਜੀਨਜ਼** ਨਾਲ ਸੰਬੰਧਿਤ।

**ਜੈਨੇਟਿਕ ਕੌਂਸਲਿੰਗ (genetic counselling)।** **ਜਿਨ੍ਹਾਂ ਲੋਕਾਂ ਦੇ ਪਰਿਵਾਰਾਂ ਵਿਚ** ਜੈਨੇਟਿਕ **ਸਥਿੱਤੀਆਂ ਦਾ ਇਤਿਹਾਸ ਹੈ, ਜਾਂ ਜਿਹੜੇ ਲੋਕ** ਜੈਨੇਟਿਕ **ਸਥਿੱਤੀ ਵਿਰਸੇ ਵਿਚ ਮਿਲਣ ਦੇ ਜਾਂ ਅਗੋਂ ਤੋਰਨ ਬਾਰੇ ਫ਼ਿਕਰਮੰਦ ਹੁੰਦੇ ਹਨ, ਉਨ੍ਹਾਂ ਲਈ ਸੂਚਨਾ ਅਤੇ ਸਹਾਇਤਾ।**

**ਜੈਨੇਟਿਕ ਕੌਂਸਲਰ (genetic counsellor)।** **ਜਿਨ੍ਹਾਂ ਲੋਕਾਂ ਦੇ ਪਰਿਵਾਰਾਂ ਵਿਚ** ਜੈਨੇਟਿਕ **ਸਥਿਤੀ ਦਾ ਇਤਿਹਾਸ ਹੈ, ਜਾਂ ਜਿਹੜੇ ਲੋਕ** ਜੈਨੇਟਿਕ **ਸਥਿੱਤੀ ਵਿਰਸੇ ਵਿਚ ਮਿਲਣ ਦੇ ਖ਼ਤਰੇ ਜਾਂ ਅਗੋਂ ਤੋਰਨ ਬਾਰੇ ਫ਼ਿਕਰਮੰਦ ਹਨ, ਉਨ੍ਹਾਂ ਨੂੰ ਸੂਚਨਾ ਅਤੇ ਸਹਾਇਤਾ ਦੇਣ ਲਈ ਇਕ ਵਿਸ਼ੇਸ਼ਗ ਡਾਕਟਰ।**

**ਮਿਸਕੈਰੀਜ (miscarriage)।** ਗਰਭ ਦਾ ਸਮੇਂ ਤੋਂ ਪਹਿਲਾਂ ਹੀ ਉਸ ਵੇਲੇ ਖ਼ਤਮ ਹੋ ਜਾਣਾ ਜਦੋਂ ਬੱਚਾ **ਬੱਚੇਦਾਨੀ** ਤੋਂ ਬਾਹਰ ਬਚ ਨਹੀਂ ਸਕਦਾ। ਗਰਭਪਾਤ ਹੋਣਾ।

**ਸਟਿੱਲਬਰਥ (stillbirth)।** ਮਰੇ ਬੱਚੇ ਦਾ ਜਨਮ।

**ਇਹ ਸ਼ਬਦਾਵਲੀ ਜਿਸ ਵਿਚ** ਜੈਨੇਟਿਕ **ਸੂਚਨਾ ਹੈ, ਸਿਰਫ਼ ਸੰਬੰਧਿਤ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਇਸਤੇਮਾਲ ਲਈ ਹੈ।**

ਇਹ ਛਾਪ ਜੁਲਾਈ, 2005 ਵਿਚ ਤਿਆਰ ਕੀਤੀ ਗਈ

*This edition prepared in July 2005* *Ref Glossary 13*